# ਅਬੂ ਧਾਬੀ ਵਾਰਤਾਲਾਪ (ਫਰਵਰੀ 10-11, 2024) ਦੇ 7ਵੇਂ ਮੰਤਰੀ ਪੱਧਰੀ ਸਲਾਹ-ਮਸ਼ਵਰੇ ਲਈ ਸਕੱਤਰ (ਸੀ.ਪੀ.ਵੀ. ਅਤੇ ਓ.ਆਈ.ਏ.) ਦਾ ਦੁਬਈ ਦਾ ਦੌਰਾ

ਫਰਵਰੀ 11, 2024

ਸਕੱਤਰ (ਸੀ.ਪੀ.ਵੀ. ਅਤੇ ਓ.ਆਈ.ਏ.) ਸ਼੍ਰੀ ਮੁਕਤੇਸ਼ ਪਰਦੇਸ਼ੀ ਨੇ 10-11 ਫਰਵਰੀ 2024 ਨੂੰ ਦੁਬਈ ਵਿੱਚ ਹੋਏ ਅਬੂ ਧਾਬੀ ਵਾਰਤਾਲਾਪ (ਏ.ਡੀ.ਡੀ.) ਦੇ 7ਵੇਂ ਮੰਤਰੀ ਪੱਧਰੀ ਸਲਾਹ-ਮਸ਼ਵਰੇ ਵਿੱਚ ਭਾਰਤ ਦੀ ਅਗਵਾਈ ਕੀਤੀ। ਵਿਦੇਸ਼ ਮੰਤਰਾਲੇ ਅਤੇ ਹੁਨਰ ਵਿਕਾਸ ਅਤੇ ਉੱਦਮਤਾ ਮੰਤਰਾਲੇ ਦੇ ਅਧਿਕਾਰੀ ਉਹਨਾਂ ਦੇ ਨਾਲ ਸਨ।

2008 ਤੋਂ ਚਾਲੂ, ਏ.ਡੀ.ਡੀ. ਕਿਰਤ ਮੂਲ ਦੇ 11 ਏਸ਼ੀਆਈ ਦੇਸ਼ਾਂ ਅਤੇ 7 ਮੰਜ਼ਿਲ ਦੇਸ਼ਾਂ ਵਿਚਕਾਰ ਇੱਕ ਖੇਤਰੀ, ਸਵੈ-ਇੱਛਤ ਅਤੇ ਗੈਰ-ਬਾਈਡਿੰਗ ਸਲਾਹਕਾਰੀ ਪ੍ਰਕਿਰਿਆ ਹੈ। ਇਹ ਠੇਕੇ 'ਤੇ ਮਜ਼ਦੂਰਾਂ ਦੀ ਗਤੀਸ਼ੀਲਤਾ, ਵਧੀਆ ਤਜ਼ਰਬਿਆਂ ਨੂੰ ਸਾਂਝਾ ਕਰਨ ਅਤੇ ਇੱਕ ਦੂਜੇ ਦੇ ਅਨੁਭਵ ਤੋਂ ਸਿੱਖਣ 'ਤੇ ਖੇਤਰੀ ਸਹਿਯੋਗ ਦੀ ਸਹੂਲਤ ਵਾਸਤੇ ਇੱਕ ਪਲੇਟਫਾਰਮ ਵਜੋਂ ਸੇਵਾ ਪ੍ਰਦਾਨ ਕਰਦਾ ਹੈ।

ਏ.ਡੀ.ਡੀ. ਨਾਲ ਭਾਰਤ ਦੀ ਸ਼ਮੂਲੀਅਤ ਭਾਰਤ ਸਰਕਾਰ ਦੀ ਸੁਰੱਖਿਅਤ, ਵਿਵਸਥਿਤ ਅਤੇ ਕਾਨੂੰਨੀ ਤੌਰ ਤੇ ਸਹੀ ਪਰਵਾਸ ਕਰਨ ਨੂੰ ਪ੍ਰੋਮੋਟ ਕਰਨ ਦੀ ਨੀਤੀ ਦਾ ਇੱਕ ਅਟੁੱਟ ਅੰਗ ਹੈ।

ਅਬੂ ਧਾਬੀ ਵਾਰਤਾਲਾਪ ਦੇ ਮੌਕੇ 'ਤੇ, ਸਕੱਤਰ (ਸੀ.ਪੀ.ਵੀ. ਅਤੇ ਓ.ਆਈ.ਏ.) ਨੇ ਯੂ.ਏ.ਈ. ਵਿੱਚ ਭਾਰਤੀ ਪ੍ਰਵਾਸੀ ਕਾਮਿਆਂ ਦੀ ਭਲਾਈ ਨੂੰ ਯਕੀਨੀ ਬਣਾਉਣ ਵਾਸਤੇ ਦੋਵੇਂ ਸਰਕਾਰਾਂ ਦੁਆਰਾ ਚੁੱਕੇ ਗਏ ਵੱਖ-ਵੱਖ ਉਪਾਵਾਂ ਬਾਰੇ ਚਰਚਾ ਕਰਨ ਲਈ ਯੂ.ਏ.ਈ. ਦੇ ਮਨੁੱਖੀ ਵਸੀਲਿਆਂ ਅਤੇ ਅਮੀਰੀਕਰਣ ਮੰਤਰੀ ਨਾਲ ਇੱਕ ਦੁਵੱਲੀ ਚਰਚਾ ਕੀਤੀ।

ਦੌਰੇ ਦੌਰਾਨ, ਸਕੱਤਰ (ਸੀ.ਪੀ.ਵੀ. ਅਤੇ ਓ.ਆਈ.ਏ.) ਨੇ ਦੁਬਈ ਵਿੱਚ ਭਾਰਤੀ ਭਾਈਚਾਰਕ ਸੰਸਥਾ ਨਾਲ ਵੀ ਗੱਲਬਾਤ ਕੀਤੀ ਅਤੇ ਦੁਬਈ ਵਿੱਚ ਕੌਂਸਲਰ ਸੇਵਾ ਕੇਂਦਰਾਂ ਦਾ ਦੌਰਾ ਕੀਤਾ।

**ਨਵੀਂ ਦਿੱਲੀ**
**ਫਰਵਰੀ 11, 2024**